# ਪੰਜਾਬ ਦੇ ਕਿਸਾਨਾਂ ਦੇ ਸੰਘਰਸ਼ ਉੱਤੇ ਹਮਲੇ

*ਪੰਜਾਬ ਦੇ ਕਿਸਾਨ ਆਪਣੇ ਮੰਦੇ ਹਾਲ ਦੇ ਖ਼ਿਲਾਫ਼ ਸੰਘਰਸ਼ ਦੇ ਰਾਹ ਪਏ ਹੋਏ ਹਨ। ਹਾਕਮ ਟੋਲਾ, ਉਨ੍ਹਾਂ ਦੀ ਰਿਆਸਤ, ਅਤੇ ਸਰਕਾਰ ਨੇ ਇਸ ਸੰਘਰਸ਼ ਨੂੰ ਖ਼ੂਨ ਵਿਚ ਡੋਬਣ ਦਾ ਰਾਹ ਫੜਿਆ ਹੋਇਆ ਹੈ।*

ਕਿਸਾਨ ਲਹਿਰ ਦਾ ਲੱਕ ਤੋੜਨ ਲਈ ਹਾਲ ਵਿਚ ਹੀ ਪੰਜਾਬ ਪੁਲੀਸ ਦੇ ਡੀ ਜੀ ਪੀ ਨੇ ਕਿਸਾਨਾਂ ਦੀਆਂ ਸਤਾਰਾਂ ਜਥੇਬੰਦੀਆਂ ਨੂੰ ਨਕਸਲੀ ਜਥੇਬੰਦੀਆਂ ਕਰਾਰ ਦਿਤਾ ਹੈ। ਪੁਲੀਸ, ਆੜ੍ਹਤੀਏ ਅਤੇ ਉਨ੍ਹਾਂ ਦੇ ਗੁੰਡੇ, ਸਿਆਸੀ ਪਾਰਟੀਆਂ ਦੇ ਲੀਡਰ ਕਿਸਾਨਾਂ ਤੇ ਹਮਲੇ ਇਕ ਜਥੇਬੰਦਕ ਤਰੀਕੇ ਨਾਲ ਕਰ ਰਹੇ ਹਨ।

ਇਸ ਸਾਲ ਦੇ ਸ਼ੁਰੂ ਵਿਚ ਅੰਮ੍ਰਿਤਸਰ ਦੇ ਭਿੰਡੀ ਔਲਖ ਵਿਚ ਭਾਰਤੀ ਕਿਸਾਨ ਯੂਨੀਅਨ ਦੇ ਸਟੇਟ ਸਕੱਤਰ ਸਾਧੂ ਸਿੰਘ ਤਖਤਪੁਰਾ ਦਾ ਦਿਨ ਦਿਹਾੜੇ ਕਤਲ ਕਰ ਦਿਤਾ ਗਿਆ। ਇਹ ਕਤਲ ਇਕ ਬਹੁਤ ਹੀ ਸੋਚੀ ਸਮਝੀ ਵਿਉਂਤ ਨਾਲ ਅਕਾਲੀ ਦਲ ਦੇ ਸਾਬਕਾ ਐਮ ਐਲ ਏ ਵੀਰ ਸਿੰਘ ਲੋਪੋਕੇ ਦੀ ਛਤਰ-ਛਾਇਆ ਹੇਠ ਕੀਤਾ ਗਿਆ। ਤਖਤਪੁਰਾ ਦਾ ਕਤਲ ਇਸ ਲਈ ਕੀਤਾ ਗਿਆ ਕਿਉਂਕਿ ਉਹ ਕਿਸਾਨਾਂ ਅਤੇ ਅਬਾਦਕਾਰ ਕਿਸਾਨਾਂ ਨੂੰ ਗੈਰ-ਕਾਨੂੰਨੀ ਅਤੇ ਜਬਰਦਸਤੀ ਕਬਜ਼ਿਆਂ ਖ਼ਿਲਾਫ਼ ਲਾਮਬੰਦ ਕਰ ਰਿਹਾ ਸੀ। ਤਖਤ ਪੁਰਾ ਦੀ ਅਗਵਾਈ ਹੇਠ ਕਿਸਾਨ ਇਨ੍ਹਾਂ ਸਾਰਿਆਂ ਦੀ ਗੁੰਡਾਗਰਦੀ ਅਤੇ ਤਸ਼ੱਦਦ ਖ਼ਿਲਾਫ਼ ਘੋਲ ਚਲਾ ਰਹੇ ਸੀ। ਅਕਾਲੀ ਆਗੂ, ਪੁਲੀਸ ਅਫਸਰ, ਠੇਕੇਦਾਰਾਂ ਅਤੇ ਗੁੰਡਿਆਂ ਦੀ ਸਾਂਝੀ ਸਕੀਮ ਤਹਿਤ ਉਸ ਦਾ ਕਤਲ ਕੀਤਾ ਗਿਆ।

ਗੁਰਦਾਸਪੁਰ ਜ਼ਿਲ੍ਹੇ ਦੇ ਇਕ ਪਿੰਡ ਵਿਚ ਅਕਾਲੀ ਦਲ ਦੇ ਗੁੰਡਿਆਂ ਨੇ ਦੋ ਕਿਸਾਨਾਂ ਦਾ ਕਤਲ ਕਰ ਦਿਤਾ ਅਤੇ ਕਈਆਂ ਨੂੰ ਫੱਟੜ ਕਰ ਦਿਤਾ ਜੋ ਗੁਰਦੁਆਰੇ ਦੀ ਜ਼ਮੀਨ ਤੇ ਗੈਰ ਕਾਨੂੰਨੀ ਕਬਜ਼ੇ ਦੇ ਖ਼ਿਲਾਫ਼ ਆਵਾਜ਼ ਉਠਾ ਰਹੇ ਸਨ ਅਤੇ ਜਿਸ ਜ਼ਮੀਨ ਤੇ ਉਹ ਪਿਛਲੇ ਕਈ ਸਾਲਾਂ ਤੋਂ ਵਾਹੀ ਕਰ ਰਹੇ ਸੀ। ਹਾਲ ਵਿਚ ਹੀ ਕਿਸਾਨ ਲਹਿਰ ਤੇ ਇਕ ਹੋਰ ਖ਼ੂੰਖਾਰ ਹਮਲੇ ਵਿਚ ਸ਼ਾਹੂਕਾਰਾਂ, ਆੜ੍ਹਤੀਆਂ ਅਤੇ ਅਫਸਰਾਂ ਨੇ ਗੁੰਡਿਆਂ ਤੋਂ ਪ੍ਰਿਥੀਪਾਲ ਸਿੰਘ ਅਲੀਸ਼ੇਰ ਦਾ ਬਿਰੋਕੇ ਖ਼ੁਰਦ ਵਿਚ ਕਤਲ ਕਰਵਾ ਦਿਤਾ। ਪ੍ਰਿਥੀਪਾਲ ਸਿੰਘ ਕਿਸਾਨ ਯੂਨੀਅਨ ਦਾ ਬਲਾਕ ਪ੍ਰਧਾਨ ਸੀ। ਪੁਲੀਸ ਅਤੇ ਮਾਲੀਏ ਦੇ ਅਫਸਰਾਂ ਸਾਮ੍ਹਣੇ ਦਿਨ ਦਿਹਾੜੇ ਉਸ ਦਾ ਕਤਲ ਉਸ ਵੇਲੇ ਕੀਤਾ ਗਿਆ ਜਦੋਂ ਉਹ ਇਕ ਕਰਜ਼ੇ ਦੇ ਮਾਰੇ ਹੋਏ ਕਿਸਾਨ ਦੀ ਜ਼ਮੀਨ ਦੀ ਨਿਲਾਮੀ ਖ਼ਿਲਾਫ਼ ਮੁਜ਼ਾਹਰੇ ਦੀ ਅਗਵਾਈ ਕਰ ਰਿਹਾ ਸੀ। ਦੱਸਿਆ ਜਾਂਦਾ ਹੈ ਕਿ ਗਿਆਰਾਂ ਅਕਤੂਬਰ ਨੂੰ ਮਾਲੀਆ ਜਮ੍ਹਾਂ ਕਰਨ ਵਾਲੇ ਅਫਸਰਾਂ ਨੇ ਨਿਲਾਮੀ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿਸਾਨ ਯੂਨੀਅਨ ਨੇ ਉਥੇ ਅਮਨ ਪੂਰਵਕ ਧਰਨਾ ਦੇ ਦਿਤਾ। ਕਿਸਾਨਾਂ ਦੇ ਧਰਨੇ ਕਰਕੇ ਕੋਈ ਵੀ ਬੋਲੀ ਦੇਣ ਨਹੀਂ ਆਇਆ ਅਤੇ ਨਿਲਾਮੀ ਬੰਦ ਹੋ ਗਈ। ਧਰਨੇ ਦੇ ਬਾਅਦ ਜਦੋਂ ਕਾਫੀ ਲੋਕ ਆਪੋ ਆਪਣੇ ਘਰਾਂ ਨੂੰ ਜਾਣ ਲੱਗ ਪਏ ਤਾਂ ਅਫਸਰਾਂ ਅਤੇ ਆੜ੍ਹਤੀਆਂ, ਇਕ ਕਾਂਗਰਸ ਦੇ ਲੀਡਰ ਅਤੇ ਗੁੰਡਿਆਂ ਨੇ ਨੀਲਾਮੀ ਫਿਰ ਸ਼ੁਰੂ ਕਰ ਦਿਤੀ। ਜਦੋਂ ਕਿਸਾਨਾਂ ਅਤੇ ਯੂਨੀਅਨ ਦੇ ਕਾਰਕੁਨਾਂ ਨੇ ਉਨ੍ਹਾਂ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਨੇ ਉਨ੍ਹਾਂ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਨਾਲ ਪ੍ਰਿਥੀਪਾਲ ਸਿੰਘ ਮੌਕੇ ਤੇ ਮਾਰੇ ਗਏ।

ਪੰਜਾਬ ਵਿਚ ਆੜ੍ਹਤੀਏ ਕਿਸਾਨਾਂ ਦਾ ਬਹੁਤ ਲਹੂ ਚਸਦੇ ਹਨ। ਉਹ ਕਿਸਾਨਾਂ ਨੂੰ ਕਰਜ਼ੇ ਵੀ ਦਿੰਦੇ ਹਨ ਅਤੇ ਉਨ੍ਹਾਂ ਦੀ ਪੈਦਾ ਕੀਤੀ ਹੋਈ ਫਸਲ ਦੀ ਵੱਟਕ ਚੋਂ ਪੱਤੀ ਵੀ ਲੈਂਦੇ ਹਨ ਹਾਲਾਂਕਿ ਫਸਲ ਸਰਕਾਰ ਹੀ ਖ਼ਰੀਦਦੀ ਹੈ ਪਰ ਸਰਕਾਰ ਇਨ੍ਹਾਂ ਆੜ੍ਹਤੀਆਂ ਨੂੰ ਵਿਚੋਲਾ ਬਣਾ ਕੇ ਹੀ ਖ਼ਰੀਦ ਕਰਦੀ ਹੈ ਅਤੇ ਇਨ੍ਹਾਂ ਨੂੰ ਕਮੀਸ਼ਨ ਦਿੰਦੀ ਹੈ। ਆੜ੍ਹਤੀਏ ਕੁਝ ਵੀ ਕੀਤੇ ਬਗੈਰ ਕਰੋੜਾਂ ਰੁਪਏ ਜੇਬ ਵਿਚ ਪਾ ਲੈਂਦੇ ਹਨ। ਪਿਛਲੇ ਦੱਸ ਸਾਲਾਂ ਵਿਚ ਪੰਜਾਬ ਦੇ 20,000 ਆੜ੍ਹਤੀਆਂ ਨੇ ਤਕਰੀਬਨ 6400 ਕਰੋੜ ਰੁਪਏ ਕਮਿਸ਼ਨ ਵਿਚ ਲਏ ਹਨ। ਸਾਲ 2009-10 ਵਿਚ ਉਨ੍ਹਾਂ ਨੂੰ 783 ਕਰੋੜ ਰੁਪਏ ਕਮਿਸ਼ਨ ਵਿਚ ਮਿਲੇ ਹਨ ਅਤੇ ਸਾਲ 2010-11 ਵਿਚ 800 ਕਰੋੜ ਰੁਪਏ ਉਨ੍ਹਾਂ ਦੀਆਂ ਜੇਬਾਂ ਵਿਚ ਪੈਣ ਦਾ ਅੰਦਾਜ਼ਾ ਹੈ।

ਪੰਜਾਬ ਖੇਤੀ ਯੂਨੀਵਰਸਿਟੀ ਦੀ ਇਕ ਖੋਜ ਮੁਤਾਬਿਕ ਪੰਜਾਬ ਦੇ ਕਿਸਾਨਾਂ ਸਿਰ 35000 ਕਰੋੜ ਰੁਪਏ ਕਰਜ਼ੇ ਦਾ 40 ਫੀ ਸਦੀ ਹਿੱਸਾ ਆੜ੍ਹਤੀਆਂ ਦਾ ਹੈ। ਕਾਨੂੰਨ ਮੁਤਾਬਿਕ ਹਰ ਕਰਜ਼ਾ ਦੇਣ ਵਾਲੇ ਨੂੰ ਸਰਕਾਰੀ ਮਹਿਕਮੇ ਨਾਲ ਦਰਜ ਕਰਨ ਦੀ ਲੋੜ ਹੁੰਦੀ ਹੈ ਅਤੇ ਇਸ ਤਰ੍ਹਾਂ ਦਰਜ ਕੀਤੇ ਹੋਏ ਸ਼ਾਹੂਕਾਰ ਨੂੰ ਹਰ ਸਾਲ ਜਿਸ ਕਿਸਾਨ ਨੇ ਕਰਜ਼ਾ ਲਿਆ ਹੈ ਉਸ ਨੂੰ ਸਾਲ ਦਾ ਹਿਸਾਬ ਲਿਖ ਕੇ ਦੇਣ ਦੀ ਵੀ ਹਿਦਾਇਤ ਹੈ। ਪਰ ਯੂਨੀਵਰਸਿਟੀ ਦੀ ਖੋਜ ਦੱਸਦੀ ਹੈ ਕਿ ਪੰਜਾਬ ਵਿਚ ਕਿਸੇ ਵੀ ਸ਼ਾਹੂਕਾਰ ਨੇ ਆਪਣਾ ਨਾਂ ਦਰਜ ਨਹੀਂ ਕਰਾਇਆ ਹੋਇਆ। ਆੜ੍ਹਤੀਆਂ ਅਤੇ ਸ਼ਾਹੂਕਾਰਾਂ ਵਲੋਂ ਕਿਸਾਨਾਂ ਦੀ ਲੁੱਟ ਖ਼ਿਲਾਫ਼ ਕਿਸਾਨ ਪੁਰਜ਼ੋਰ ਸੰਘਰਸ਼ ਚਲਾ ਰਹੇ ਹਨ।

ਇਸ ਸਾਲ ਦੇ ਸ਼ੁਰੂ ਵਿਚ ਐਫ ਸੀ ਆਈ, ਕੇਂਦਰੀ ਸਰਕਾਰ ਦੀ ਉਹ ਅਜੰਸੀ ਜੋ ਕਿਸਾਨਾਂ ਤੋਂ ਫਸਲ ਖ਼ਰੀਦਦੀ ਹੈ, ਨੇ ਐਲਾਨ ਕੀਤਾ ਕਿ ਉਹ ਇਸ ਸਾਲ ਫਸਲ ਦੇ ਪੈਸੇ ਸਿੱਧੇ ਹੀ ਕਿਸਾਨਾਂ ਨੂੰ ਦੇਵੇਗੀ। ਪਰ ਆੜ੍ਹਤੀਆਂ ਅਤੇ ਸਿਆਸੀ ਲੀਡਰਾਂ ਦੇ ਵਿਰੋਧ ਕਰਕੇ ਐਫ ਸੀ ਆਈ ਨੂੰ ਇਹ ਐਲਾਨ ਵਾਪਸ ਲੈਣਾ ਪਿਆ। ਆੜ੍ਹਤੀਆਂ ਅਤੇ ਸ਼ਾਹੂਕਾਰਾਂ ਨੂੰ ਸਰਕਾਰ ਵਲੋਂ ਇਕ ਵਾਰ ਫਿਰ ਲੁੱਟ ਦੀ ਖੁੱਲ੍ਹ ਮਿਲ ਗਈ ਹੈ ਅਤੇ ਉਹ ਕਿਸਾਨਾਂ ਦੇ ਘੋਲ ਨੂੰ ਗੋਲੀ ਸਿੱਕੇ ਨਾਲ ਕੁਚਲਣ ਦੀ ਸ਼ਰ੍ਹੇਆਮ

ਕੋਸ਼ਿਸ਼ ਕਰ ਰਹੇ ਹਨ। ਕਾਂਗਰਸ, ਅਕਾਲੀ ਦਲ ਅਤੇ ਬੀ ਜੇ ਪੀ ਸਾਰੀਆਂ ਹੀ ਪਾਰਟੀਆਂ ਆੜ੍ਹਤੀਆਂ ਅਤੇ ਉਨ੍ਹਾਂ ਦੀ ਗੁੰਡਾਗਰਦੀ ਵਿਚ ਸ਼ਾਮਲ ਹਨ ਅਤੇ ਉਨ੍ਹਾਂ ਦੀ ਹਿਮਾਇਤ ਕਰਦੀਆਂ ਹਨ।

ਸਾਧੂ ਸਿੰਘ ਤਖ਼ਤਪੁਰਾ, ਪ੍ਰਿਥੀਪਾਲ ਸਿੰਘ ਅਤੇ ਹੋਰਨਾਂ ਦੇ ਕਤਲ ਦੇ ਬਾਅਦ ਕਿਸਾਨ ਅਤੇ ਹੋਰ ਲੋਕ ਇਨ੍ਹਾਂ ਵਾਰਦਾਤਾਂ ਤੋਂ ਸਿੱਟੇ ਕੱਢਣ ਬਾਰੇ ਵਿਚਾਰਾਂ ਦਾ ਵਟਾਂਦਰਾ ਕਰ ਰਹੇ ਹਨ। ਲੋਕ ਮੋਰਚਾ ਪੰਜਾਬ ਨੇ ਲੋਕਾਂ ਨੂੰ ਇਸ ਬਾਰੇ ਗੌਰ ਕਰਨ ਅਤੇ ਸੇਧ ਲੈਣ ਬਾਰੇ ਰਲਕੇ ਗੱਲਬਾਤ ਕਰਨ ਦਾ ਹੋਕਾ ਦਿਤਾ ਹੈ ਤੇ ਕਿਸਾਨਾਂ ਦੀਆਂ ਸਤਾਰਾਂ ਜਥੇਬੰਦੀਆਂ ਨੇ ਇੱਕਮੁੱਠ ਹੋਕੇ ਇਨ੍ਹਾਂ ਹਮਲਿਆਂ ਦਾ ਮੁਕਾਬਲਾ ਕਰਨ ਦਾ ਫੈਸਲਾ ਕੀਤਾ ਹੈ।

ਕਿਸਾਨ ਇਨ੍ਹਾਂ ਹਮਲਿਆਂ ਤੋਂ ਆਪਣੀ ਰਾਖੀ ਆਪਣੀ ਤਾਕਤ ਤੇ ਨਿਰਭਰ ਹੋ ਕੇ ਹੀ ਕਰ ਸਕਦੇ ਹਨ। ਹਾਕਮ ਟੋਲਾ, ਉਨ੍ਹਾਂ ਦੀ ਰਿਆਸਤ ਤੇ ਸਰਕਾਰ, ਅਤੇ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ, ਪੁਲੀਸ ਤੇ ਗੁੰਡੇ ਰਲਕੇ ਕਿਸਾਨਾਂ ਤੇ ਹੋਰ ਮਿਹਨਤਕਸ਼ ਲੋਕਾਂ ਤੇ ਹਮਲੇ ਜਥੇਬੰਦ ਕਰਨ ਦਾ ਕੰਮ ਕਰਦੇ ਹਨ। ਕਿਸਾਨਾਂ ਨੂੰ ਆਪਣੀ ਰਾਖੀ ਆਪ ਕਰਨੀ ਪਵੇਗੀ। ਉਹ ਆਪਣੇ ਅਤੇ ਹੋਰਨਾਂ ਮਿਹਨਤਕਸ਼ਾਂ ਨਾਲ ਏਕੇ ਅਤੇ ਹੌਸਲੇ ਨਾਲ ਹੀ ਆਪਣਾ ਬਚਾਅ ਕਰ ਸਕਦੇ ਹਨ। ਸਵੈ-ਰਖਿਆ ਹੀ ਉਨ੍ਹਾਂ ਦਾ ਰਾਹ ਹੈ। ਇਸ ਲਈ ਉਨ੍ਹਾਂ ਨੂੰ ਸਾਮ ਦਾਮ, ਭੇਦ ਅਤੇ ਦੰਡ ਸਾਰੇ ਹੀ ਹਥਿਆਰ ਵਰਤਣ ਦੀ ਲੋੜ ਹੈ। ਸੰਘਰਸ਼ ਦੇ ਬਗੈਰ ਉਨ੍ਹਾਂ ਕੋਲ ਹੋਰ ਕੋਈ ਰਾਹ ਨਹੀਂ ਹੈ।